ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ

ਸਮੂਹ ਪ੍ਰਿੰਸੀਪਲ ਡਾਇਟ,

ਪੰਜਾਬ।

ਮੀਮੋ ਨੰ. E-738446/SCERT, QP/UP/2024 190621

ਮਿਤੀ: ਐੱਸ.ਏ.ਐੱਸ. ਨਗਰ, 02-08-2024

ਵਿਸ਼ਾ: ਜਮਾਤਾਂ ਤੀਜੀ ਤੋਂ ਦਸਵੀਂ ਦੇ ਵਿਦਿਆਰਥੀਆਂ ਨੂੰ ਗ੍ਰੇਡ-ਪੱਧਰੀ Competencies ਵਿੱਚ ਪਰਿਪੱਕ ਕਰਨ ਸੰਬੰਧੀ।

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. ਮਿਸ਼ਨ ਸਮਰੱਥ ਤਹਿਤ ਜਮਾਤਾਂ ਦੂਜੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੂੰ ਗਣਿਤ, ਪੰਜਾਬੀ ਅਤੇ ਅੰਗ੍ਰੇਜੀ ਵਿਸ਼ਿਆਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ ਵਿੱਚ ਪਰਿਪੱਕ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀ ਆਪਣੀ ਜਮਾਤ ਦੇ ਪੱਧਰ ਦੀਆਂ Competencies ਨੂੰ ਸਿੱਖਣ ਲਈ ਤਿਆਰ ਹੋ ਸਕਣ। ਹੁਣ ਮਿਤੀ 01-08-2024 ਤੋਂ ਜਮਾਤਾਂ ਦੂਜੀ ਤੋਂ ਅੱਠਵੀਂ ਦਾ ਰੈਗੁਲਰ ਸਿਲੇਬਸ ਸ਼ੁਰੂ ਹੋ ਚੁੱਕਾ ਹੈ।

3.0. ਇਸ ਦੀ ਲਗਾਤਾਰਤਾ ਵਿੱਚ ਸਕੂਲ ਸਿੱਖਿਆ ਵਿਭਾਗ ਵੱਲੋਂ ਤੀਜੀ ਤੋਂ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਗ੍ਰੇਡ-ਪੱਧਰੀ Competencies ਜੋ ਕਿ ਰੈਗੂਲਰ ਪਾਠਕ੍ਰਮ ਦਾ ਹਿੱਸਾ ਹਨ, ਵਿੱਚ ਪਰਿਪੱਕ ਕਰਨ ਲਈ Competency Enhancement Plan ਤਿਆਰ ਕੀਤਾ ਗਿਆ ਹੈ ਜਿਸ ਤਹਿਤ ਇਹਨਾਂ ਜਮਾਤਾਂ ਦੇ ਸਿਲੇਬਸ ਦੇ ਨਾਲ-ਨਾਲ ਸਬੰਧਤ Competencies ਅਧਾਰਿਤ ਸਿੱਖਣ ਸਮੱਗਰੀ ਭੇਜਣ ਅਤੇ ਇਸਦਾ ਨਿਰੰਤਰ ਮੁਲਾਂਕਣ ਕੀਤਾ ਜਾਣਾ ਹੈ। ਇਸ ਸੰਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

3.1. SCERT ਵੱਲੋਂ ਜਮਾਤਾਂ ਤੀਜੀ ਤੋਂ ਦਸਵੀਂ ਦੇ ਹੇਠ ਦਿੱਤੇ ਵਿਸ਼ਿਆਂ ਦੀਆਂ Weekly Competency Based Practice Sheets ਅਧਿਆਪਕਾਂ ਨੂੰ whatsapp

ਗਰੁੱਪਾਂ/e-punjab school login/EDUCARE App ਰਾਹੀਂ ਹਰ ਹਫਤੇ ਸ਼ੇਅਰ ਕੀਤੀਆਂ ਜਾਣਗੀਆਂ:

ਸਾਰਣੀ-1	
ਜਮਾਤ	**ਵਿਸ਼ਾ**
X	ਪੰਜਾਬੀ, ਗਣਿਤ, ਸਾਇੰਸ ਅਤੇ ਸਮਾਜਿਕ ਸਿੱਖਿਆ
IX	ਪੰਜਾਬੀ, ਗਣਿਤ, ਸਾਇੰਸ, ਅਤੇ ਸਮਾਜਿਕ ਸਿੱਖਿਆ
VIII	ਪੰਜਾਬੀ, ਗਣਿਤ, ਸਾਇੰਸ, ਅਤੇ ਸਮਾਜਿਕ ਸਿੱਖਿਆ
VII	ਪੰਜਾਬੀ, ਗਣਿਤ, ਸਾਇੰਸ, ਅਤੇ ਸਮਾਜਿਕ ਸਿੱਖਿਆ
VI	ਪੰਜਾਬੀ, ਗਣਿਤ, ਸਾਇੰਸ ਅਤੇ ਸਮਾਜਿਕ ਸਿੱਖਿਆ
V	ਪੰਜਾਬੀ, ਗਣਿਤ ਅਤੇ world around us
IV	ਪੰਜਾਬੀ, ਗਣਿਤ ਅਤੇ world around us
III	ਪੰਜਾਬੀ, ਗਣਿਤ ਅਤੇ world around us

3.2. ਅਧਿਆਪਕ ਇਹਨਾਂ Weekly Practice Sheets ਨੂੰ ਇੱਕ ਹਫਤੇ ਵਿੱਚ ਵਿਦਿਆਰਥੀਆਂ ਨੂੰ ਸਿਲੇਬਸ ਦੇ ਨਾਲ-ਨਾਲ ਕਰਵਾਉਣਗੇ। ਹਰੇਕ ਪ੍ਰੈਕਟਿਸ ਸ਼ੀਟ ਵਿੱਚ 15 ਪ੍ਰਸ਼ਨ ਹੋਣਗੇ। ਅਧਿਆਪਕ ਆਪਣੀ ਸੁਵਿਧਾ ਅਨੁਸਾਰ ਇਹਨਾਂ 15 ਪ੍ਰਸ਼ਨਾਂ ਦੇ ਨਾਲ-ਨਾਲ ਅਜਿਹੇ ਹੋਰ ਪ੍ਰਸ਼ਨਾਂ ਦੀ ਪ੍ਰੈਕਟਿਸ ਵੀ ਵਿਦਿਆਰਥੀਆਂ ਨੂੰ ਕਰਵਾ ਸਕਦੇ ਹਨ। **ਪਹਿਲੇ ਹਫਤੇ ਦੀਆਂ ਪ੍ਰੈਕਟਿਸ ਸ਼ੀਟਾਂ ਪੱਤਰ ਨਾਲ ਨੱਥੀ ਹਨ।**

3.3. Weekly Practice Sheets ਕਰਵਾਉਣ ਸਮੇਂ ਅਧਿਆਪਕ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਕਿ ਉਹ ਪ੍ਰੈਕਟਿਸ ਸ਼ੀਟ ਵਿੱਚ ਦਿੱਤੇ ਪ੍ਰਸ਼ਨ ਜਾਂ ਅਜਿਹੇ ਹੋਰ ਪ੍ਰਸ਼ਨ ਆਪ ਹੱਲ ਕਰਨ ਤਾਂ ਜੋ ਇਸ ਨੂੰ 'Assessment as Learning' ਦੇ ਤੌਰ ਤੇ ਵਿਦਿਆਰਥੀ ਆਪਣੇ ਸਿੱਖਣ ਪੱਧਰ ਦਾ ਮੁਲਾਂਕਣ ਕਰਕੇ ਆਮ ਤੌਰ ਤੇ ਆ ਰਹੀਆਂ ਮੁਸ਼ਕਿਲਾਂ ਨੂੰ ਅਧਿਆਪਕ ਦੀ guidance ਲੈ ਕੇ ਹੱਲ ਕਰਨ ਸਕਣ।

3.4. Competency Enhancement Plan ਤਹਿਤ ਵਿਦਿਆਰਥੀਆਂ ਦਾ competencies ਵਿੱਚ ਪਰਿਪੱਕਤਾ ਦਾ ਨਿਰੰਤਰ assessment ਵੀ ਕੀਤਾ ਜਾਣਾ ਹੈ ਕਿਉਂਕਿ ਮੁਲਾਂਕਣ ਹੀ ਕਿਸੇ ਵੀ ਪ੍ਰੋਗਰਾਮ ਦੀ ਸਫਲਤਾ ਦਾ ਆਧਾਰ ਹੁੰਦਾ ਹੈ। ਇਸ ਨੂੰ ਮੱਦੇਨਜ਼ਰ ਰੱਖਦਿਆਂ ਹਰ ਪੰਦਰਾਂ ਦਿਨਾਂ ਬਾਦ ਜਮਾਤਾਂ ਤੀਜੀ ਤੋਂ ਦਸਵੀਂ ਲਈ

ਜਮਾਤ-ਵਾਰ ਇੱਕ ਸਾਂਝੇ ਪ੍ਰੈਕਟਿਸ ਟੈਸਟ ਦੀ pdf ਭੇਜੀ ਜਾਵੇਗੀ ਜਿਸ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

ਜਮਾਤ	ਟੈਸਟ ਦੀ ਬਣਤਰ	ਕੁੱਲ ਪ੍ਰਸ਼ਨ
9-10	ਗਣਿਤ, ਸਾਇੰਸ, ਸਸ ਅਤੇ ਪੰਜਾਬੀ (ਹਰੇਕ ਵਿਸ਼ੇ ਦੇ 20 ਪ੍ਰਸ਼ਨ)	80 ਪ੍ਰਸ਼ਨ
6-8	ਗਣਿਤ ਦੇ 18, ਪੰਜਾਬੀ ਦੇ 15, ਸਾਇੰਸ ਅਤੇ ਸ.ਸ. ਦੇ 9-9 ਪ੍ਰਸ਼ਨ	51 ਪ੍ਰਸ਼ਨ
3-5	ਗਣਿਤ, world around us ਅਤੇ ਪੰਜਾਬੀ (ਹਰੇਕ ਵਿਸ਼ੇ ਦੇ 15 ਪ੍ਰਸ਼ਨ)	45 ਪ੍ਰਸ਼ਨ
ਨੋਟ: ਇਹਨਾਂ ਪ੍ਰੈਕਟਿਸ ਟੈਸਟਾਂ ਲਈ OMR ਸ਼ੀਟ ਵੀ ਨਾਲ ਭੇਜੀ ਜਾਵੇਗੀ।		

3.5. ਅਧਿਆਪਕ ਇਸ assessment ਦਾ ਵਿਸ਼ਲੇਸ਼ਣ ਕਰਕੇ ਇਸ ਨੂੰ 'assessment for learning' ਦੇ ਰੂਪ ਵਿੱਚ weak competencies ਵਿੱਚ ਵਿਦਿਆਰਥੀਆਂ ਨੂੰ ਹੋਰ ਪਰਿਪੱਕ ਕਰਨ ਲਈ ਆਪਣੇ ਵੱਲੋਂ ਵਰਤੇ ਜਾ ਰਹੇ Teaching Methods ਅਤੇ TLM ਵਿੱਚ ਲੋੜੀਂਦੇ ਬਦਲਾਅ ਕਰ ਸਕਦੇ ਹਨ।

3.6. 'Assessment of Learning' ਵਜੋ ਅਕਾਦਮਿਕ ਸੈਸ਼ਨ ਦੌਰਾਨ ਕੀਤੇ ਜਾਣ ਵਾਲੇ Bi-monthly tests, term exams ਅਤੇ final exams ਦੌਰਾਨ ਵੀ competency based ਪ੍ਰਸਨ ਪੁੱਛੇ ਜਾਂਦੇ ਹਨ ਜੋ ਕਿ ਕੁੱਲ ਅੰਕਾਂ ਦਾ ਲਗਭਗ 40% ਹੁੰਦੇ ਹਨ।

3.7. ਇਹ ਟੈਸਟ ਨਿਰਧਾਰਿਤ ਮਿਤੀ ਨੂੰ ਅੱਧੀ ਛੁੱਟੀ ਸ਼ੁਰੂ ਹੋਣ ਤੋਂ ਠੀਕ 90 ਮਿੰਟ (ਡੇਢ ਘੰਟਾ) ਪਹਿਲਾ ਸ਼ੁਰੂ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ। Competency based ਸ਼ੀਟ ਨੂੰ ਭੇਜਣ ਅਤੇ ਪ੍ਰੈਕਟਿਸ ਟੈਸਟ ਕਰਵਾਏ ਜਾਣ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:

Dates of sharing practice sheets	Dates of Practice Test
02-08-2024	20-08-2024
09-08-2024	
16-08-2024	30-08-2024
23-08-2024	

30-08-2024	13-09-2024
06-09-2024	
13-09-2024	27-09-2024
20-09-2024	
27-09-2024	11-10-2024
04-10-2024	
11-10-2024	25-10-2024
18-10-2024	
25-10-2024	08-11-2024
01-11-2024	
08-11-2024	20-11-2024
15-11-2024	

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ,ਐਸ.ਸੀ.ਈ.ਆਰ.ਟੀ, ਪੰਜਾਬ

ਪਿੰਠ ਅੰਕਣ ਨੰਬਰ: ਉਕਤ **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
3. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ,ਐਸ.ਸੀ.ਈ.ਆਰ.ਟੀ, ਪੰਜਾਬ

ਦਫਤਰ ਸਿਖਿਆ ਸਿਖਿਆ ਅਫਸਰ (ਸੈ-ਸ) ਫਾਜ਼ਿਲਕਾ
ਪਿੰਠ ਅੰਕਣ ਨੰਬਰ 6/2024/2001 ਮਿਤੀ 05-08-24

ਉਪਰੋਕਤ ਅੰਕਣ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿਖਿਆ ਅਫਸਰ (ਸੈ-ਸ)
ਫਾਜ਼ਿਲਕਾ
05/08/24